

## ਕਾਰੋਬਾਰੀ ਮਾਲਕਾਂ ਅਤੇ ਸਵੈ-ਰੁਜ਼ਗਾਰ ਵਾਲੇ ਵਿਅਕਤੀਆਂ ਨੂੰ ਉਹਨਾਂ ਪਲਾਂ ਲਈ ਮੌਜੂਦ ਰਹਿਣ ਵਿੱਚ ਮਦਦ ਕਰਨਾ ਜੋ ਮਾਇਨੇ ਰੱਖਦੇ ਹਨ।



## ਤਨਖਾਹ-ਸ਼ੁਦਾ ਪਰਿਵਾਰ ਲਈ ਛੁੱਟੀ

ਉਨ੍ਹਾਂ ਪਲਾਂ ਲਈ ਉੱਥੇ ਰਹੋ ਜੋ ਮਾਇਨੇ ਰੱਖਦੇ ਹਨ।

SDI ਪ੍ਰੋਗਰਾਮਾਂ ਬਾਰੇ ਹੋਰ ਜਾਣਕਾਰੀ ਲਈ ਅਤੇ SDI ਨਾਲ ਸੰਪਰਕ ਕਿਵੇਂ ਕਰੀਏ, ਇਸ ਬਾਰੇ ਜਾਣਨ ਲਈ, Contact State Disability Insurance (edd.ca.gov/en/disability/Contact_SDI/) 'ਤੇ ਵੇਖੋ।

EDD ਇੱਕ ਬਰਾਬਰ ਮੌਕੇ ਦਾ ਰੁਜ਼ਗਾਰਦਾਤਾ/ਪ੍ਰੋਗਰਾਮ ਹੈ। ਅਪਾਹਜ ਵਿਅਕਤੀਆਂ ਲਈ ਬੇਨਤੀ ਕਰਨ ਤੇ ਸਹਾਇਕ ਸਹਾਇਤਾ ਅਤੇ ਸੇਵਾਵਾਂ ਉਪਲਬਧ ਹਨ। ਸੇਵਾਵਾਂ, ਸਹਾਇਤਾ, ਅਤੇ/ਜਾਂ ਵਿਕਲਪਿਕ ਫਾਰਮੈਟ ਲਈ ਬੇਨਤੀਆਂ 1-866-490-8879 (ਆਵਾਜ਼) ਤੇ ਕਾਲ ਕਰਕੇ ਕੀਤੀਆਂ ਜਾਣੀਆਂ ਚਾਹੀਦੀਆਂ ਹਨ। TTY ਉਪਭੋਗਤਾ, ਕਿਰਪਾ ਕਰਕੇ ਕੈਲੀਫੋਰਨੀਆ ਰੀਲੇਅ ਸੇਵਾ ਨੂੰ 711 ਤੇ ਕਾਲ ਕਰਨ।

ਇਹ ਪੈਂਫਲੈਟ ਸਿਰਫ਼ ਆਮ ਜਾਣਕਾਰੀ ਲਈ ਹੈ ਅਤੇ ਇਸ ਦਾ ਕਾਨੂੰਨ, ਨਿਯਮ ਅਤੇ ਕਾਇਦਾ ਦੇ ਤੌਰ ਤੇ ਕੋਈ ਬਲ ਅਤੇ ਪ੍ਰਭਾਵ ਨਹੀਂ ਹੈ।





# ਅਪਾਹਜਤਾ ਬੀਮਾ ਇਲੈਕਟਿਵ ਕਵਰੇਜ

ਕਾਰੋਬਾਰੀ ਮਾਲਕਾਂ ਜਾਂ ਸਵੈ-ਰੁਜ਼ਗਾਰ ਵਾਲੇ ਅਤੇ ਸੁਤੰਤਰ ਠੇਕੇਦਾਰਾਂ ਲਈ ਇੱਕ ਸੁਰੱਖਿਆ ਜਾਲ।

EDD

# ਇੱਕ ਵਿੱਤੀ ਸੁਰੱਖਿਆ ਜਾਲ

ਅਸੀਂ ਉਹਨਾਂ ਲੋਕਾਂ ਲਈ ਇੱਕ ਵਿਕਲਪਿਕ Disability Insurance Elective Coverage (DIEC) (edd.ca.gov/Payroll_Taxes/Disability_Insurance_Elective_Coverage.htm) ਪੇਸ਼ ਕਰਦੇ ਹਾਂ ਜੋ:

- ਰਾਜ ਅਪਾਹਜਤਾ ਬੀਮਾ (SDI) ਵਿੱਚ ਭੁਗਤਾਨ ਨਹੀਂ ਕਰਦੇ ਪਰ ਅਪਾਹਜਤਾ ਅਤੇ ਤਨਖਾਹ-ਸੁਦਾ ਪਰਿਵਾਰਕ ਛੁੱਟੀ (PFL) ਦੁਆਰਾ ਕਵਰ ਹੋਣਾ ਚਾਹੁੰਦੇ ਹਨ।
- ਕੋਈ ਵੀ ਵਿਅਕਤੀ ਜੋ ਆਪਣੀ ਆਮਦਨ ਦਾ ਵੱਡਾ ਹਿੱਸਾ ਆਪਣੇ ਸਵੈ-ਰੁਜ਼ਗਾਰ ਜਾਂ ਕਾਰੋਬਾਰ ਤੋਂ ਪ੍ਰਾਪਤ ਕਰਦਾ ਹੈ, ਉਹ DIEC ਦੁਆਰਾ ਕਵਰ ਕੀਤੇ ਜਾਣ ਦੀ ਚੋਣ ਕਰ ਸਕਦਾ ਹੈ।

DIEC ਛੋਟੇ ਕਾਰੋਬਾਰੀ ਰੁਜ਼ਗਾਰਦਾਤਾਵਾਂ, ਉੱਦਮੀਆਂ, ਸੁਤੰਤਰ ਠੇਕੇਦਾਰਾਂ, ਜਾਂ ਸਵੈ-ਰੁਜ਼ਗਾਰ ਵਾਲੇ ਲੋਕਾਂ ਦੀ ਸੁਰੱਖਿਆ ਕਰਦਾ ਹੈ ਜੋ ਕੈਲੀਫੋਰਨੀਆ ਵਿੱਚ ਕਾਰੋਬਾਰ ਕਰਨ ਵਾਲੀਆਂ ਕੰਪਨੀਆਂ ਦਾ ਇੱਕ ਵੱਡਾ ਹਿੱਸਾ ਬਣਾਉਂਦੇ ਹਨ।





## ਮੇਰੇ DIEC ਲਾਭ ਕੀ ਹਨ?

- ਸੱਟ, ਗਰਭ ਅਵਸਥਾ, ਜਾਂ ਬਿਮਾਰੀ ਕਾਰਨ ਆਮਦਨ ਦੇ ਨੁਕਸਾਨ ਤੋਂ ਸੁਰੱਖਿਆ, ਭਾਵੇਂ ਇਹ ਕੰਮ-ਸਬੰਧਤ ਹੋਵੇ ਜਾਂ ਨਾ।
- ਤੁਹਾਡੀ ਅਪਾਹਜਤਾ ਲਈ 39 ਹਫ਼ਤਿਆਂ ਤੱਕ ਦੇ ਲਾਭ।
- PFL (ਤਨਖਾਹ-ਸੁਦਾ ਪਰਿਵਾਰਕ ਛੁੱਟੀ) ਵਿੱਚ ਸਵੈਚਲਿਤ ਕਵਰੇਜ, ਜੋ ਅੱਠ ਹਫ਼ਤਿਆਂ ਤੱਕ ਦੇ ਲਾਭ ਪ੍ਰਦਾਨ ਕਰਦੀ ਹੈ:
  - ਗੰਭੀਰ ਤੌਰ ਤੇ ਬਿਮਾਰ ਪਰਿਵਾਰ ਦੇ ਸਦੱਸ ਦੀ ਦੇਖਭਾਲ ਕਰਨ ਲਈ।
  - ਨਵੇਂ ਜੰਮੇ ਬੱਚੇ ਦੇ ਨਾਲ ਸੰਬੰਧ ਬਣਾਉਣ ਲਈ।
  - ਇੱਕ ਯੋਗ ਮਿਲਟਰੀ ਈਵੈਂਟ ਵਿੱਚ ਹਿੱਸਾ ਲੈਣਾ।

ਤੁਹਾਨੂੰ ਭੁਗਤਾਨ ਕੀਤੀ ਗਈ ਰਕਮ ਅੰਦਰੂਨੀ ਮਾਲੀਆ ਸੇਵਾ ਦੇ ਫਾਰਮ 1040 (ਅਨੁਸੂਚੀ SE ਜਾਂ ਅਨੁਸੂਚੀ C) ਤੇ ਤੁਹਾਡੇ ਜਵਾਬਾਂ ਤੇ ਆਧਾਰਿਤ ਹੈ।

ਵਧੇਰੇ ਜਾਣਨ ਲਈ, Benefits and Premium Amounts (edd.ca.gov/disability/Self-Employed_Benefit_Amounts.htm). 'ਤੇ ਵੇਖੋ।

ਵਧੇਰੇ ਜਾਣਕਾਰੀ ਲਈ:

- **ਅਪਾਹਜਤਾ:** Call 1-800-480-3287
- **PFL:** Call 1-877-238-4373

ਜੇਕਰ ਤੁਹਾਡੇ ਕੋਈ ਸਵਾਲ ਹਨ:

- ਫੋਨ: 1-916-654-6288.

ਜੇ ਤੁਸੀਂ ਅਰਜ਼ੀ ਫਾਰਮ ਲੈਣਾ ਚਾਹੁੰਦੇ ਹੋ, ਤਾਂ ਇਸਨੂੰ Forms and Publications (edd.ca.gov/forms), ਰਾਹੀਂ ਡਾਉਨਲੋਡ ਕਰੋ ਜਾਂ ਮੰਗਵਾਉ, ਜਾਂ 1-916-554-7104 'ਤੇ ਕਾਲ ਕਰੋ।

## ਕੀ ਮੈਂ DIEC ਲਈ ਯੋਗ ਹਾਂ?

ਯੋਗ ਹੋਣ ਲਈ, ਤੁਹਾਨੂੰ ਲਾਜ਼ਮੀ ਤੌਰ 'ਤੇ:

- ਤੁਹਾਡਾ ਆਪਣਾ ਕਾਰੋਬਾਰ ਹੋਵੇ, ਤੁਸੀਂ ਸਵੈ-ਰੁਜ਼ਗਾਰ ਵਾਲੇ ਹੋਵੋ, ਜਾਂ ਇੱਕ ਸੁਤੰਤਰ ਠੇਕੇਦਾਰ ਵਜੋਂ ਕੰਮ ਕਰਦੇ ਹੋਵੋ।
- ਸਾਲਾਨਾ $4,600 ਦਾ ਘੱਟੋ-ਘੱਟ ਸ਼ੁੱਧ ਮੁਨਾਫ਼ਾ ਹੈ।
- ਜੇ ਤੁਹਾਡੀ ਨੌਕਰੀ ਲਈ ਲਾਇਸੰਸ ਦੀ ਲੋੜ ਹੈ, ਤਾਂ ਤੁਹਾਡੇ ਕੋਲ ਇੱਕ ਵੈਧ ਲਾਇਸੰਸ ਹੋਣਾ ਚਾਹੀਦਾ ਹੈ।
- ਅਰਜ਼ੀ ਜਮ੍ਹਾਂ ਕਰਦੇ ਸਮੇਂ ਪੂਰਾ-ਸਮਾਂ ਕੰਮ ਕਰ ਰਹੇ ਹੋਵੋ ਅਤੇ ਆਪਣੇ ਸਾਰੇ ਨਿਯਮਤ ਫਰਜ਼ ਨਿਭਾ ਰਹੇ ਹੋਵੋ।
- ਆਪਣੀ ਆਮਦਨ ਦਾ ਵੱਡਾ ਹਿੱਸਾ ਇੱਕ ਸੁਤੰਤਰ ਠੇਕੇਦਾਰ ਵਜੋਂ ਆਪਣੇ ਵਪਾਰ, ਕਾਰੋਬਾਰ ਜਾਂ ਨੌਕਰੀ ਤੋਂ ਪ੍ਰਾਪਤ ਕਰਦੇ ਹੋ।
- ਤੁਹਾਡਾ ਕਾਰੋਬਾਰ ਮੌਸਮੀ ਨਹੀਂ ਹੋ ਸਕਦਾ।
- ਤੁਸੀਂ ਦੋ ਪੂਰੇ ਕੈਲੰਡਰ ਸਾਲਾਂ ਲਈ ਪ੍ਰੋਗਰਾਮ ਵਿੱਚ ਬਣੇ ਰਹੋ, ਜਦੋਂ ਤੱਕ ਤੁਸੀਂ ਆਪਣਾ ਕਾਰੋਬਾਰ ਬੰਦ ਨਹੀਂ ਕਰ ਦਿੰਦੇ ਜਾਂ ਕੈਲੀਫੋਰਨੀਆ ਤੋਂ ਬਾਹਰ ਨਹੀਂ ਚਲੇ ਜਾਂਦੇ।

ਵਧੇਰੀ ਜਾਣਕਾਰੀ ਲਈ Eligibility Requirements for Disability Insurance Elective Coverage (edd.ca.gov/Disability/Self-Employed_Eligibility.htm) ਤੇ ਜਾਓ।

